# ਅਨੋਖਾ ਅਤੇ ਸੱਚਾ !

## ਇੱਕ ਅਨੋਖਾ ਵਿਅਕਤੀ !

ਆਪਣੇ ਮੌਤ ਦੇ ਦਿਨ ਦੀ ਭਵਿਖਵਾਣੀ ਕਰਨਾ ਹੀ ਔਖੀ ਗੱਲ ਹੈ ਪਰ ਇਹ ਆਖਣਾ, ਕਿ ਮੈਂ ਆਪਣੇ ਮਰਨ ਤੋਂ ਤਿੰਨ ਦਿਨਾਂ ਬਾਦ ਜੀ ਉੱਠਾਂਗਾ ਅਣਹੋਣਾ ਹੈ । ਪ੍ਰਭੂ ਯਿਸੂ ਨੇ ਇੱਕ ਵਾਰੀ ਹੀ ਨਹੀਂ ਪਰ ਲੱਗਭਗ ਪੰਜ ਵਾਰੀ ਇਹ ਕਿਹਾ ਕਿ ਉਹ ਮਰਨ ਤੋਂ ਬਾਦ ਤੀਸਰੇ ਦਿਨ ਜੀ ਉੱਠਣਗੇ । ਪ੍ਰਭੂ ਯਿਸੂ ਨੇ ਆਪਣੇ ਬਾਰੇ ਇਹ ਕਿਹਾ, *"ਮਨੁੱਖ ਦਾ ਪੁੱਤ੍ਰ ਮਨੁੱਖਾਂ ਦੇ ਹੱਥੀਂ ਫੜਵਾਇਆ ਜਾਂਦਾ ਹੈ ਅਤੇ ਓਹ ਉਸ ਨੂੰ ਮਾਰ ਸੁੱਟਣਗੇ ਅਰ ਮਾਰੇ ਜਾਣ ਤੋਂ ਤਿੰਨ ਦਿਨ ਪਿੱਛੋਂ ਉਹ ਫੇਰ ਜੀ ਉੱਠੇਗਾ ।"* ਆਪਣੀ ਸਲੀਬੀ ਮੌਤ ਦੇ ਬਾਦ ਤੀਸਰੇ ਦਿਨ ਜੀ ਉੱਠਕੇ ਪ੍ਰਭੂ ਯਿਸੂ ਨੇ ਆਪਣੇ ਇਹਨਾਂ ਸ਼ਬਦਾਂ ਨੂੰ ਪੂਰਾ ਕੀਤਾ । ਲਗਭਗ ਦੋ ਹਜ਼ਾਰ ਸਾਲ ਪਹਿਲਾਂ ਹੋਈ ਇਹ ਘਟਨਾ ਪ੍ਰਭੂ ਯਿਸੂ ਨੂੰ ਸਾਰਿਆਂ ਤੋਂ ਅਨੋਖਾ ਸਿੱਧ ਕਰਦੀ ਹੈ !

## ਇੱਕ ਖ਼ਾਲੀ ਕਬਰ !

ਪ੍ਰਭੂ ਯਿਸੂ ਨੂੰ ਮਰੇ ਹੋਏ ਤਿੰਨ ਦਿਨ ਬੀਤ ਚੁਕੇ ਸਨ । ਮਰਿਯਮ ਮਗਦਲੀਨੀ ਅਰ ਯਾਕੂਬ ਦੀ ਮਾਤਾ ਮਰਿਯਮ ਅਰ ਸਲੋਮੀ (ਜੋ ਉਸ ਦੀ ਵਿਸ਼ਵਾਸਣਾਂ ਸਨ) ਨੇ ਸੁਗੰਧਾਂ ਮੁੱਲ ਲਈਆਂ ਭਈ ਜਾ ਕੇ ਪ੍ਰਭੂ ਯਿਸੂ ਦੀ ਲਾਸ਼ ਨੂੰ ਸੁਗੰਧ ਵਾਲੇ ਲੇਪ ਲਾਉਣ । ਜਦ ਉਹ ਉੱਥੇ ਪਹੁੰਚੀਆਂ ਤੇ ਕਬਰ ਨੂੰ ਖੁੱਲ੍ਹਾ ਦੇਖ ਕੇ ਬਹੁਤ ਹੈਰਾਨ ਹੋਈਆਂ । ਉੱਥੇ ਉਹਨਾਂ ਨੂੰ ਸਵਰਗ ਦੂਤ ਮਿਲੇ ਜਿਨ੍ਹਾਂ ਕਿਹਾ, *"ਉਹ ਐਥੇ ਹੈ ਨਹੀਂ ਕਿਉਂਕਿ ਜਿਵੇਂ ਉਸ ਨੇ ਕਿਹਾ ਸੀ ਉਹ ਜੀ ਉੱਠਿਆ ਹੈ । ਆਓ ਇਹ ਥਾਂ ਵੇਖੋ ਜਿੱਥੇ ਪ੍ਰਭੂ ਪਿਆ ਹੋਇਆ ਸੀ । ਅੰਦਰ ਜਾ ਕੇ (ਔਰਤਾਂ ਨੇ) ਪ੍ਰਭੂ ਯਿਸੂ ਦੀ ਲੋਥ ਨਾ ਪਾਈ ।"* ਜੀਉਂਦੇ ਪ੍ਰਭੂ ਯਿਸੂ ਨੂੰ ਮੌਤ ਆਪਣੇ ਕਬਜ਼ੇ ਵਿੱਚ ਨਾ ਰੱਖ ਸਕੀ । ਹਜ਼ਾਰਾਂ ਹਜ਼ਾਰ ਲੋਕ ਅੱਜ ਕੱਲ ਵੀ ਯਰੂਸ਼ਲਮ ਨੂੰ ਜਾਂਦੇ ਹਨ ਅਤੇ ਉਸ ਖ਼ਾਲੀ ਕਬਰ ਨੂੰ ਦੇਖ ਕੇ ਪਰਮੇਸ਼ੁਰ ਦਾ ਧੰਨਵਾਦ ਕਰਦੇ ਹਨ ।

## ਸਵਰਗ ਦੂਤਾਂ ਦੀ ਗਵਾਹੀ

ਕਬਰ ਨੂੰ ਖਾਲੀ ਵੇਖ ਕੇ ਉਹ ਔਰਤਾਂ ਹੈਰਾਨ ਹੋਈਆਂ ਅਤੇ ਡਰ ਗਈਆਂ ਪਰ ਇੱਕ ਸਵਰਗ ਦੂਤ ਨੇ ਉਹਨਾਂ ਨੂੰ ਯਾਦ ਦਿਲਾਇਆ, *"ਤੁਸੀਂ ਜੀਉਂਦੇ ਨੂੰ ਮੋਇਆਂ ਵਿੱਚ ਕਿਉਂ ਭਾਲਦੀਆਂ ਹੋ ? ਉਹ (ਪ੍ਰਭੂ ਯਿਸੂ) ਐਥੇ ਹੈ ਨਹੀਂ ਪਰ ਜੀ ਉੱਠਿਆ ਹੈ । ਚੇਤੇ ਕਰੋ ਕਿ ਗਲੀਲ ਵਿੱਚ ਹੁੰਦਿਆਂ ਉਸ ਨੇ ਤੁਹਾਨੂੰ ਕਿੱਕੁਰ ਕਿਹਾ ਸੀ ਭਈ ਮਨੁੱਖ ਦੇ ਪੁੱਤ੍ਰ ਨੂੰ ਪਾਪੀ ਮਨੁੱਖਾਂ ਦੇ ਹੱਥੀਂ ਫੜਵਾਇਆ ਜਾਣਾ ਅਤੇ ਸਲੀਬ ਉੱਤੇ ਚੜ੍ਹਾਇਆ ਜਾਣਾ ਅਰ ਤੀਏ ਦਿਨ ਜੀ ਉੱਠਣਾ ਜ਼ਰੂਰ ਹੈ ।"* ਪਰਮੇਸ਼ੁਰ ਦੇ ਸਵਰਗ ਦੂਤ ਵੀ ਜਾਣਦੇ ਸਨ ਕਿ ਅੱਜ ਇੱਕ ਵੱਡਾ ਚਮਤਕਾਰ ਹੋਇਆ ਹੈ !

## ਪ੍ਰਭੂ ਯਿਸੂ ਨੇ ਆਪਣੇ ਮਿੱਤ੍ਰਾਂ ਨਾਲ ਗੱਲ ਬਾਤ ਕੀਤੀ

ਅਸੀਂ ਬਾਈਬਲ ਵਿੱਚ ਪੜ੍ਹਦੇ ਹਾਂ ਕਿ ਆਪਣੇ ਜੀ ਉੱਠਣ ਤੋਂ ਬਾਦ ਪ੍ਰਭੂ ਯਿਸੂ ਨੇ ਪਤਰਸ, ਮਰੀਯਮ ਮਗਦਲੀਨੀ, ਕਲਿਉਪਸ, ਥੋਮਾ ਅਤੇ ਆਪਣੇ ਬਹੁਤ ਸਾਰੇ ਚੇਲਿਆਂ ਨਾਲ ਗੱਲ ਬਾਤ ਕੀਤੀ । ਥੋਮਾ ਨੇ ਇਹ ਸੁਣ ਕੇ ਕਿ ਚੇਲਿਆਂ ਨੇ ਪ੍ਰਭੂ ਨੂੰ ਵੇਖਿਆ ਹੈ, ਵਿਸ਼ਵਾਸ ਨਾ ਕੀਤਾ । ਪ੍ਰਭੂ ਯਿਸੂ ਨੇ ਚੇਲਿਆਂ ਨੂੰ ਫਿਰ ਦਰਸ਼ਨ ਦਿੱਤੇ ਅਤੇ ਥੋਮਾ ਨੂੰ ਕਿਹਾ, *"ਆਪਣੀ ਉਂਗਲ ਉਰੇ ਕਰ ਅਤੇ ਮੇਰੇ ਹੱਥਾਂ ਨੂੰ ਵੇਖ ਅਰ ਆਪਣਾ ਹੱਥ ਉਰੇ ਕਰ ਕੇ ਮੇਰੀ ਵੱਖੀ ਵਿੱਚ ਵਾੜ ਅਤੇ ਬੇਪਰਤੀਤਾ ਨਾ ਹੋ ਸਗੋਂ ਪਰਤੀਤਮਾਨ ਹੋ । ਥੋਮਾ ਨੇ ਉਹ ਨੂੰ ਉੱਤਰ ਦਿੱਤਾ, ਹੇ ਮੇਰੇ ਪ੍ਰਭੂ ਅਤੇ ਮੇਰੇ ਪਰਮੇਸ਼ੁਰ ! ਯਿਸੂ ਨੇ ਉਸ ਨੂੰ ਆਖਿਆ, ਤੈਂ ਜੋ ਮੈਨੂੰ ਵੇਖਿਆ ਇਸੇ ਕਰਕੇ ਪਰਤੀਤ ਕੀਤੀ ਹੈ ? ਧੰਨ ਓਹ ਜਿਨ੍ਹਾਂ ਨਹੀਂ ਵੇਖਿਆ ਤਾਂ ਵੀ ਪਰਤੀਤ ਕਰਦੇ ਹਨ ।"*

## ਪ੍ਰਭੂ ਯਿਸੂ ਨੇ ਆਪਣੇ ਮਿੱਤ੍ਰਾਂ ਨਾਲ ਭੋਜਨ ਕੀਤਾ

*"ਓਹ (ਚੇਲੇ ) ਖ਼ੁਸ਼ੀ ਦੇ ਮਾਰੇ ਅਜੇ ਪਰਤੀਤ ਨਹੀਂ ਕਰਦੇ ਅਤੇ ਹੈਰਾਨ ਹੋ ਰਹੇ ਸਨ ਕਿ ਉਸ ਨੇ ਉਨ੍ਹਾਂ ਨੂੰ ਆਖਿਆ, ਐਥੇ ਤੁਹਾਡੇ ਕੋਲ ਕੁਝ ਭੋਜਨ ਹੈ ? ਉਨ੍ਹਾਂ ਉਸ ਨੂੰ ਭੁੰਨੀ ਮੱਛੀ ਦਾ ਟੁਕੜਾ ਦਿੱਤਾ ਅਤੇ ਉਸ ਨੇ ਲੈ ਕੇ ਉਨ੍ਹਾਂ ਦੇ ਸਾਹਮਣੇ ਖਾ ਲਿਆ ।"*

## ਪ੍ਰਭੂ ਯਿਸੂ ਨੇ 500 ਬੰਦਿਆਂ ਨੂੰ ਦਰਸ਼ਣ ਦਿੱਤਾ

ਜੀ ਉੱਠਣ ਤੋਂ ਬਾਦ ਪ੍ਰਭੂ ਯਿਸੂ ਆਪਣੇ ਚੇਲਿਆਂ ਨੂੰ ਕਈ ਵਾਰੀ ਦਿਖਾਈ ਦਿੱਤੇ । ਬਾਈਬਲ ਵਿੱਚ ਲਿਖਿਆ ਹੈ, *"ਅਤੇ ਮਗਰੋਂ ਕੁਝ ਉੱਪਰ ਪੰਜ ਸੌ ਭਾਈਆਂ ਨੂੰ ਇੱਕੋ ਵਾਰੀ ਦਰਸ਼ਣ ਦਿੱਤਾ ।"* ਇਹਨਾਂ ਚੇਲਿਆ ਨੂੰ, *"ਉਸ ਨੇ ਆਪਣੇ ਦੁੱਖ ਭੋਗਣ ਦੇ ਮਗਰੋਂ ਆਪ ਨੂੰ ਉਨ੍ਹਾਂ ਉੱਤੇ ਬਹੁਤਿਆਂ ਪਰਮਾਣਾਂ ਨਾਲ ਜੀਉਂਦਾ ਪਰਗਟ ਕੀਤਾ ਕਿ ਉਹ ਚਾਹਲੀਆਂ ਦਿਨਾਂ ਤੀਕੁ ਉਨ੍ਹਾਂ ਨੂੰ ਦਰਸ਼ਣ ਦਿੰਦਾ ਅਤੇ ਪਰਮੇਸ਼ੁਰ ਦੇ ਰਾਜ ਦੀਆਂ ਗੱਲਾਂ ਕਰਦਾ ਰਿਹਾ ।"* ਇਹਨਾਂ ਚਾਹਲੀਆਂ ਦਿਨਾਂ ਦੇ ਬਾਦ, *"ਉਨ੍ਹਾਂ ਦੇ ਵੇਖਦਿਆਂ ਵੇਖਦਿਆਂ ਉਹ (ਪ੍ਰਭੂ ਯਿਸੂ) ਉਤਾਹਾਂ ਉਠਾਇਆ ਗਿਆ ਅਤੇ ਬੱਦਲੀ ਨੇ ਉਸ ਨੂੰ ਉਨ੍ਹਾਂ ਦੀ ਨਜ਼ਰੋਂ ਓਹਲੇ ਕਰ ਦਿੱਤਾ ।"*

## ਸ਼ਹੀਦ ਇਸਤੀਫ਼ਾਨ ਅਤੇ ਵੈਰੀ ਸੌਲੁਸ

ਪ੍ਰਭੂ ਯਿਸੂ ਦੇ ਸਵਰਗ ਉੱਠਾਏ ਜਾਣ ਤੋਂ ਬਾਦ ਚੇਲੇ ਇਹਨਾਂ ਸ਼ਬਦਾਂ ਵਿੱਚ ਪ੍ਰਭੂ ਯਿਸੂ ਮਸੀਹ ਦੇ ਜੀ ਉੱਠਣ ਦੀ ਗਵਾਹੀ ਦੇਣ ਲੱਗ ਪਏ, *"ਉਸੇ ਯਿਸੂ ਨੂੰ ਪਰਮੇਸ਼ੁਰ ਨੇ ਜੀਉਂਦਾ ਉਠਾਇਆ ਜਿਹ ਦੇ ਅਸੀਂ ਸੱਭੋਂ ਗਵਾਹ ਹਾਂ ।"* ਚੇਲਿਆਂ ਦੀ ਇਸ ਗਵਾਹੀ ਨੂੰ ਸੁਣ ਕੇ ਕਈ ਹਜ਼ਾਰ ਲੋਕਾਂ ਨੇ ਵਿਸ਼ਵਾਸ ਕੀਤਾ ਅਤੇ ਪ੍ਰਭੂ ਯਿਸੂ ਦੇ ਚੇਲੇ ਬਣ ਗਏ । ਵਿਸ਼ਵਾਸੀਆਂ ਉੱਤੇ ਤਰ੍ਹਾਂ ਤਰ੍ਹਾਂ ਦੇ ਸਤਾਓ ਅਤੇ ਬਹੁਤੇ ਦੁੱਖ ਵੀ ਆਉਣ ਲੱਗ ਪਏ । ਇਸਤੀਫ਼ਾਨ ਪ੍ਰਭੂ ਯਿਸੂ ਨੂੰ ਬਹੁਤ ਪਿਆਰ ਕਰਦਾ ਸੀ ਅਤੇ ਉਹਨਾਂ ਦਾ ਸੱਚਾ ਵਿਸ਼ਵਾਸੀ ਸੀ । ਉਹ ਪਹਿਲਾ ਸ਼ਹੀਦ ਸੀ ਜੋ ਪਥਰਾਓ ਦੁਆਰਾ ਮਾਰਿਆ ਗਿਆ । ਆਪਣੇ ਮਰਨ ਤੋਂ ਪਹਿਲਾਂ ਉਸਨੇ ਕਿਹਾ, *"ਵੇਖੋ, ਮੈਂ ਅਕਾਸ਼ ਨੂੰ ਖੁਲ੍ਹਾ ਅਤੇ ਮਨੁੱਖ ਦੇ ਪੁੱਤ੍ਰ (ਪ੍ਰਭੂ ਯਿਸੂ) ਨੂੰ ਪਰਮੇਸ਼ੁਰ ਦੇ ਸੱਜੇ ਹੱਥ ਖੜਾ ਵੇਖਦਾ ਹਾਂ !"*

ਇੱਕ ਬੰਦਾ ਸੌਲੁਸ ਸੀ ਜੋ ਇਸਤੀਫ਼ਾਨ ਦੇ ਮਾਰ ਦੇਣ ਉੱਤੇ ਰਾਜ਼ੀ ਸੀ । ਸੌਲੁਸ ਮਸੀਹ ਦੇ ਵਿਸ਼ਵਾਸੀਆਂ ਦੇ ਖਿਲਾਫ਼ ਗੁੱਸੇ ਅਤੇ ਵੈਰ ਨਾਲ ਭਰਿਆ ਹੋਇਆ ਸੀ । ਇੱਕ ਦਿਨ ਉਹ ਦਮਿਸ਼ਕ ਨੂੰ ਜਾ ਰਿਹਾ ਸੀ ਕਿ ਉੱਥੇ ਦੇ ਵਿਸ਼ਵਾਸੀਆਂ ਨੂੰ ਦੁੱਖ ਦੇਵੇ ਅਤੇ ਸਤਾਵੇ । ਪਰ ਰਾਹ ਵਿੱਚ ਉਹਦੇ ਇਰਦ ਗਿਰਦ ਅਸਮਾਨੋਂ ਇੱਕ ਤੇਜ ਰੋਸ਼ਨੀ ਚਮਕੀ ਤੇ ਉਸ ਨੇ ਇਹ ਅਵਾਜ਼ ਸੁਣੀ, *"ਹੇ ਸੌਲੁਸ, ਹੇ ਸੌਲੁਸ ! ਤੂੰ ਮੈਨੂੰ ਕਿਉਂ ਸਤਾਉਂਦਾ ਹੈਂ ? ਉਹ ਨੇ ਆਖਿਆ, ਪ੍ਰਭੁ ਜੀ, ਤੂੰ ਕੌਣ ਹੈਂ ? ਉਸ ਨੇ ਕਿਹਾ, ਮੈਂ ਯਿਸੂ ਹਾਂ ਜਿਹ ਨੂੰ ਤੂੰ ਸਤਾਉਂਦਾ ਹੈਂ ।"* ਸੌਲੁਸ ਨੇ ਪ੍ਰਭੁ ਯਿਸੂ ਉੱਤੇ ਵਿਸ਼ਵਾਸ ਕੀਤਾ ਅਤੇ ਬਾਦ ਵਿੱਚ ਆਪਣੇ ਪ੍ਰਭੁ ਲਈ ਬਹੁਤ ਸਤਾਇਆ ਗਿਆ । ਇਹੀ ਸੌਲੁਸ ਬਾਦ ਵਿੱਚ ਪੌਲੁਸ ਅਖਵਾਇਆ ਗਿਆ ।

**ਅੱਜ ਵੀ ਲੱਖਾਂ ਲੱਖ ਲੋਕ ਹਨ ਜੋ ਪ੍ਰਭੁ ਨੂੰ ਸ਼ਖ਼ਸੀ ਤੌਰ ਤੇ ਜਾਣਦੇ ਹਨ**

ਲੱਖਾਂ ਲੱਖ ਲੋਕ ਅੱਜ ਵੀ ਹਨ, ਜੋ ਸੱਚੇ ਦਿਲ ਨਾਲ ਇਹ ਕਹਿੰਦੇ ਹਨ ਕਿ ਇੱਕ ਦਿਨ ਉਨ੍ਹਾਂ ਪ੍ਰਭੁ ਯਿਸੂ ਉੱਤੇ ਵਿਸ਼ਵਾਸ ਕੀਤਾ ਕਿ ਉਹ ਉਨ੍ਹਾਂ ਦੇ ਪਾਪਾਂ ਦੇ ਬਦਲੇ ਮਰ ਗਿਆ । ਪ੍ਰਭੁ ਯਿਸੂ ਅੱਗੇ ਉਹਨਾਂ ਪ੍ਰਾਰਥਨਾਂ ਕੀਤੀ ਕਿ ਉਹ ਉਹਨਾਂ ਦੇ ਪਾਪ ਮਾਫ਼ ਕਰੇ ਅਤੇ ਗੰਦੀਆਂ ਆਦਤਾਂ ਨੂੰ ਬਦਲੇ । ਇਹ ਵਿਸ਼ਵਾਸੀ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਪ੍ਰਭੁ ਯਿਸੂ ਦੇ ਖ਼ੂਨ ਨਾਲ ਉਹਨਾਂ ਦੇ ਦਿਲ ਸਾਫ਼ ਹੋਏ ਹਨ, ਹੁਣ ਜੀਉਂਦਾ ਪ੍ਰਭੁ ਯਿਸੂ ਉਹਨਾਂ ਦੇ ਅੰਦਰ ਵਾਸ ਕਰਦਾ ਹੈ। ਮਸੀਹ ਦਾ ਆਤਮਾ ਜੀ ਉੱਠਣ ਵਾਲੀ ਤਾਕਤ ਉਹਨਾਂ ਨੂੰ ਦਿੰਦਾ ਹੈ । ਇਸ ਸ਼ਕਤੀ ਦੁਆਰਾ ਹੁਣ ਉਹ ਪਰਮੇਸ਼ੁਰ ਦਾ ਆਦਰ ਕਰਨ ਵਾਲਾ ਜੀਵਨ ਗੁਜ਼ਾਰਦੇ ਹਨ ।

ਇਹ ਜੀਉਂਦਾ ਪ੍ਰਭੁ ਯਿਸੂ ਇਸ ਵੇਲੇ ਤੁਹਾਡੇ ਨੇੜੇ ਖੜਾ ਹੈ । ਭਾਵੇਂ ਤੁਸੀਂ ਉਸ ਨੂੰ ਆਪਣੀਆਂ ਅੱਖਾਂ ਨਾਲ ਵੇਖ ਨਹੀਂ ਸਕਦੇ ਪਰ ਉਹ ਤੁਹਾਨੂੰ ਜਾਣਦਾ ਅਤੇ ਪਿਆਰ ਕਰਦਾ ਹੈ । ਉਹ ਆਪਦੇ ਸਾਰੇ ਪਾਪ ਮਾਫ਼ ਕਰਨਾ ਚਾਹੁੰਦਾ ਹੈ । ਉਹ ਤੁਹਾਨੂੰ ਇਹੋ ਜਿਹੀ ਸ਼ਾਂਤੀ ਅਤੇ ਖ਼ੁਸ਼ੀ ਦੇਣਾ ਚਾਹੁੰਦਾ ਹੈ ਜਿਹੜੀ ਤੁਹਾਥੋਂ ਕੋਈ ਵੀ ਖੋਹ ਨਹੀਂ ਸਕਦਾ । ਜੇ ਤੁਸੀਂ ਮੰਗੋ ਤੇ ਪ੍ਰਭੁ ਯਿਸੂ ਦੇ ਜੀ ਉੱਠਣ ਦੀ ਤਾਕਤ ਤੁਹਾਡੇ ਅੰਦਰ ਅਤੇ ਤੁਹਾਡੇ ਦੁਆਰਾ ਵਹਿਣ ਲੱਗ ਪਵੇਗੀ । ਕੀ ਤੁਸੀਂ ਪ੍ਰਭੁ ਯਿਸੂ ਕੋਲੋਂ ਨਾ ਮੰਗੋਗੇ ? ਪ੍ਰਭੁ ਯਿਸੂ ਨੇ ਕਿਹਾ ਹੈ, *"ਵੇਖ, ਮੈਂ ਬੂਹੇ ਉੱਤੇ ਖਲੋਤਾ ਅਤੇ ਖੜਕਾਉਂਦਾ ਹਾਂ । ਜੇ ਕੋਈ ਮੇਰੀ ਅਵਾਜ਼ ਸੁਣੇ ਅਤੇ ਬੂਹਾ ਖੋਲ੍ਹ ਦੇਵੇ ਤਾਂ ਮੈਂ ਉਹ ਦੇ ਕੋਲ ਅੰਦਰ ਜਾਵਾਂਗਾ ਅਤੇ ਉਹ ਦੇ ਨਾਲ ਪਰਸ਼ਾਦ ਛਕਾਂਗਾ ਅਤੇ ਉਹ ਮੇਰੇ ਨਾਲ ਛਕੇਗਾ ।"*

ਮਰਕੁਸ 9:31; ਮੱਤੀ 28:6; ਲੂਕਾ 24:3 ਅਤੇ 5-7; ਯੂਹੰਨਾ 20:27-29; ਲੂਕਾ 24:41-43; 1ਕੁਰਿੰਥੀਆਂ 15:6; ਰਸੂਲਾਂ ਦੇ ਕਰਤੱਬ 1:9; 2:32; 7:55 ਅਤੇ 9:4-5 ਪਰਕਾਸ਼ ਦੀ ਪੋਥੀ 3:20

BETHANY, 23 Birch Street, Oldbury, West Midlands B68 9RR England.

www.punjabibooks.co.uk

# ਅਨੋਖਾ ਅਤੇ ਸੱਚਾ

